Punjab Government Gazette

Published by Authority

No. 17] CHANDIGARH, FRIDAY, APRIL 24, 2026 (VAISAKHA 4, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਸਿਹਤ ਦੇ ਪਰਿਵਾਰ ਭਲਾਈ ਵਿਭਾਗ

(ਸਿਹਤ-2 ਸ਼ਾਖਾ)

ਅਧਿਸੂਚਨਾ

ਮਿਤੀ 29 ਸਤੰਬਰ, 2023

ਪੱ.ਨੰ: HFW-HLH2027F/1/2021-4H2/1184.-ਡਾ. ਅਨਵਜੋਤ ਕੌਰ, ਮੈਡੀਕਲ ਅਫਸਰ, ਮੈਰਿਟ ਨੰ: 92/ਜਨਰਲ/2014, ਸੀ.ਐਚ.ਸੀ. ਬਾਜਾਖਾਨਾ ਜਿਲ੍ਹਾ ਫਰੀਦਕੋਟ ਵਿਰੁੱਧ ਮਿਤੀ 03.06.2019 ਤੋ ਡਿਊਟੀ ਤੋ ਗੈਰ ਹਾਜਰ ਰਹਿਣ ਕਾਰਨ ਉਸ ਨੂੰ ਸਰਕਾਰ ਦੇ ਪੱਤਰ ਮਿਤੀ 02.06.2021 ਰਾਂਹੀ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ 8 ਅਧੀਨ ਹੇਠ ਲਿਖੇ ਦੋਸ਼ਾਂ ਕਾਰਣ ਦੋਸ਼ ਸੂਚੀ ਜਾਰੀ ਕੀਤੀ ਗਈ ਸੀ:-

1. ਮਿਤੀ 03.06.2019 ਤੋਂ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣਾ।

2. ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨਾ।

3. ਡਿਊਟੀ ਵਿੱਚ ਅਣਗਹਿਲੀ ਕਰਨਾ।

2. ਡਾਕਟਰ ਨੂੰ ਸਰਕਾਰ ਦੇ ਪੱਤਰ ਮਿਤੀ 26.05.2021 ਰਾਹੀਂ ਉਸ ਦੀ ਡਿਊਟੀ ਤੋਂ ਗੈਰ-ਹਾਜਰੀ ਦੀ ਮਿਤੀ 03.06.2019 ਤੋਂ deemed resignation ਕੀਤਾ ਗਿਆ ਸੀ। ਦੋਸ਼ ਸੂਚੀ ਸਬੰਧੀ ਡਾਕਟਰ ਵਲੋਂ ਮਿਤੀ 28.08.2021 ਨੂੰ ਜਵਾਬ ਦਿੱਤਾ ਗਿਆ ਜਿਸ ਵਿੱਚ ਉਸ ਨੇ ਮੰਨਿਆ ਹੈ ਕਿ ਉਸ ਨੂੰ ਦੋਸ਼ ਸੂਚੀ ਅਤੇ ਡੀਮਡ ਰੈਜੀਗਿਨੇਸ਼ਨ ਦੇ ਹੁਕਮ ਪ੍ਰਾਪਤ ਹੋਏ ਹਨ ਪਰੰਤੂ ਉਹ ਬਾਹਰਲੇ ਦੇਸ਼ ਚਲੀ ਗਈ ਹੈ ਅਤੇ ਨੌਕਰੀ ਜਾਰੀ ਨਹੀ ਰੱਖ ਸਕਦੀ। ਇਸ ਲਈ ਪੱਤਰ ਨੰ: HFW-HLH2027F/1/2021-4H2/6200-6203 ਮਿਤੀ 22.09.2021 ਰਾਂਹੀ ਇਸ ਕੇਸ ਵਿੱਚ ਸ਼੍ਰੀ ਆਰ.ਸੀ ਬਾਂਸਲ ਜਿਲ੍ਹਾ ਐਡ ਸੈਸ਼ਨਜ ਜੱਜ (ਰਿਟਾ:) ਨੂੰ ਬਤੌਰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵਲੋਂ ਆਪਣੀ ਪੜਤਾਲ ਰਿਪੋਰਟ ਮਿਤੀ 21.10.2021 ਨੂੰ ਪੇਸ਼ ਕੀਤੀ ਜਿਸ ਵਿੱਚ ਉਨ੍ਹਾਂ ਨੇ ਡਾਕਟਰ ਵਿਰੁੱਧ ਲਗਾਏ ਸਾਰੇ ਦੋਸ਼ ਸਿੱਧ ਕਰਾਰ ਦਿੱਤੇ। ਇਸ ਉਪਰੰਤ ਪੱਤਰ ਨੰ:HFW-HLH2027F/1/2021-4H2/6866 ਮਿਤੀ 26.11.2021 ਰਾਹੀਂ ਡਾਕਟਰ ਨੂੰ ਪੜਤਾਲ ਰਿਪੋਰਟ ਦੀ ਕਾਪੀ ਭੇਜਦੇ ਹੋਏ ਇਸ ਸਬੰਧੀ ਆਪਣਾ ਜਵਾਬ/ਸਫਾਈ ਪੇਸ਼ ਕਰਨ ਬਾਰੇ ਲਿਖਿਆ ਗਿਆ ਪ੍ਰੰਤੂ ਡਾਕਟਰ ਵਲੋਂ ਪੜਤਾਲ ਰਿਪੋਰਟ ਦੇ ਸਨਮੁੱਖ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਜੀ ਵਲੋਂ ਪੱਤਰ ਨੰ: HFW-HLH2027F/1/2021-4H2/4577 ਮਿਤੀ 07.12.2022 ਰਾਂਹੀ ਡਾਕਟਰ ਨੂੰ ਨਿਜੀ ਸੁਣਵਾਈ ਲਈ ਮਿਤੀ 15.12.2022 ਨੂੰ 12.30 ਦਾ ਸਮਾਂ

ਦਿੱਤਾ ਗਿਆ ਸੀ, ਪ੍ਰੰਤੂ ਡਾਕਟਰ ਨਿਜੀ ਸੁਣਵਾਈ ਵਿੱਚ ਵੀ ਹਾਜਰ ਨਹੀਂ ਹੋਈ। ਇਸ ਉਪਰੰਤ ਮਿਸਲ ਤੇ ਆਏ ਤੱਥਾਂ ਅਤੇ ਸਾਰੇ ਮਾਮਲੇ ਨੂੰ ਵਿਚਾਰਨ ਉਪਰੰਤ ਸਮਰੱਥ ਅਥਾਰਟੀ ਵਲੋਂ ਡਾ ਅਨਵਜੋਤ ਕੌਰ, ਮੈਡੀਕਲ ਅਫਸਰ ਨੂੰ Dismissal from Service ਕਰਨ ਦਾ ਆਰਜੀ ਫੈਸਲਾ ਕੀਤਾ ਗਿਆ। ਇਸ ਉਪਰੰਤ ਪੱਤਰ ਨੰ: HFW-HLH2027F/1/2021-4H2/987 ਮਿਤੀ 24.07.2023 ਰਾਂਹੀ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਡਾਕਟਰ ਦੀਆਂ ਸੇਵਾਵਾਂ Dismissal from Service ਕਰਨ ਸਬੰਧੀ ਪ੍ਰਵਾਨਗੀ ਦੇਣ ਲਈ ਲਿਖਿਆ ਗਿਆ। ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਵੱਲੋਂ ਆਪਣੇ ਪੱਤਰ ਨੰ: ਡਿਸ.330/2023/ਅ-7/5450 ਮਿਤੀ 01.09.2023 ਰਾਹੀ ਡਾਕਟਰ ਨੂੰ ਸਰਕਾਰੀ ਨੌਕਰੀ ਤੋਂ Dismissal from Service ਦੀ ਪ੍ਰਵਾਨਗੀ ਦਿੱਤੀ ਗਈ।

3. ਉਕਤ ਦਰਸਾਈ ਸਥਿਤੀ ਤੋਂ ਇਹ ਸਪੱਸ਼ਟ ਹੈ ਕਿ ਡਾ. ਅਨਵਜੋਤ ਕੌਰ, ਮੈਡੀਕਲ ਅਫਸਰ, ਮੈਰਿਟ ਨੰ: 92/ਜਨਰਲ/2014, ਸੀ.ਐਚ.ਸੀ. ਬਾਜਾਖਾਨਾ ਜਿਲ੍ਹਾ ਫਰੀਦਕੋਟ ਜਾਣ ਬੁੱਝ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 03.06.2019 ਤੋਂ ਡਿਊਟੀ ਤੋ ਗੈਰ ਹਾਜਰ ਚੱਲ ਰਹੀ ਹੈ। ਸਰਕਾਰ ਵੱਲੋਂ ਉਸ ਨੂੰ ਡਿਊਟੀ ਤੇ ਹਾਜਰ ਹੋਣ ਸਬੰਧੀ ਕੀਤੇ ਗਏ ਹੁਕਮਾਂ ਦੇ ਬਾਵਜੂਦ ਵੀ ਉਸ ਵੱਲੋਂ ਮੁੜ ਡਿਊਟੀ ਤੇ ਹਾਜਰ ਹੋਣ ਸਬੰਧੀ ਕੋਈ ਪੱਤਰ ਵਿਹਾਰ ਨਹੀ ਕੀਤਾ ਗਿਆ ਅਤੇ ਪੜਤਾਲੀਆ ਅਫਸਰ ਦੇ ਪੜਤਾਲ ਵਿੱਚ ਹਾਜਰ ਹੋਣ ਸਬੰਧੀ ਲਿਖੇ ਗਏ ਪੱਤਰ ਆਦਿ ਜਾਰੀ ਕਰਨ ਦੇ ਬਾਵਜੂਦ ਵੀ ਡਾਕਟਰ ਪੜਤਾਲ ਵਿੱਚ ਹਾਜਰ ਨਹੀ ਹੋਈ, ਜਿਸ ਕਰਕੇ ਪੜਤਾਲੀਆ ਅਫਸਰ ਵੱਲੋਂ ਡਾਕਟਰ ਨੂੰ Ex -Parte ਕਰਕੇ ਉਸ ਵਿਰੁੱਧ ਦੋਸ਼ ਸੂਚੀ ਵਿੱਚ ਲਗਾਏ ਸਾਰੇ ਦੋਸ਼ ਸਿੱਧ ਕਰਾਰ ਦਿੱਤੇ ਗਏ।

4. ਇਸ ਲਈ ਮਿਸਲ ਤੇ ਆਏ ਤੱਥ, ਪੜਤਾਲੀਆ ਅਫਸਰ ਵੱਲੋਂ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਤੇ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਡਾਕਟਰ ਨੂੰ ਸਰਕਾਰੀ ਨੌਕਰੀ ਤੋਂ ਬਰਖਾਸਤ ਕਰਨ ਸਬੰਧੀ ਪ੍ਰਾਪਤ ਸਹਿਮਤੀ/ਪ੍ਰਵਾਨਗੀ ਦੇ ਸਨਮੁੱਖ ਪੰਜਾਬ ਦੇ ਰਾਜਪਾਲ ਜੀ ਵੱਲੋਂ ਡਾ. ਅਨਵਜੋਤ ਕੌਰ, ਮੈਡੀਕਲ ਅਫਸਰ ਮੈਰਿਟ ਨੰ: 92/ਜਨਰਲ/2014, ਸੀ.ਐਚ.ਸੀ. ਬਾਜਾਖਾਨਾ ਜਿਲ੍ਹਾ ਫਰੀਦਕੋਟ ਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ 5 (IX) ਵਿੱਚ ਦਰਸਾਈ ਵੱਡੀ ਸਜਾ ਦਿੰਦੇ ਹੋਏ ਡਾਕਟਰ ਨੂੰ ਸਰਕਾਰੀ ਨੌਕਰੀ ਤੋਂ ਗੈਰ-ਹਾਜਰੀ ਦੀ ਮਿਤੀ 03.06.2019 ਤੋਂ Dismissal from Service ਕੀਤਾ ਜਾਂਦਾ ਹੈ। ਡਾਕਟਰ ਤੋਂ ਬਾਂਡ ਦੀ ਰਕਮ ਜਾਂ ਹੋਰ ਬਕਾਇਆ ਰਕਮ (ਜੇਕਰ ਕੋਈ ਹੋਵੇ), ਵਸੂਲ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਹੇਗਾ।

ਸਹੀ/-
ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਚੰਡੀਗੜ੍ਹ
ਮਿਤੀ 27 ਸਤੰਬਰ, 2023

3697/4-2026/Pb. Govt. Press, S.A.S. Nagar